77

(2)

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ, ਐਸ.ਏ.ਐਸ.ਨਗਰ
## (ਪਾਲਿਸੀ ਸ਼ਾਖਾ)

ਸੇਵਾ ਵਿਖੇ

1. ਮੁੱਖ ਪ੍ਰਸ਼ਾਸਕ,
   ਗਮਾਡਾ, ਐਸ.ਏ.ਐਸ ਨਗਰ।
2. ਮੁੱਖ ਪ੍ਰਸ਼ਾਸਕ,
   ਗਲਾਡਾ, ਲੁਧਿਆਣਾ।
3. ਮੁੱਖ ਪ੍ਰਸ਼ਾਸਕ,
   ਜੇ.ਡੀ.ਏ, ਜਲੰਧਰ ।
4. ਮੁੱਖ ਪ੍ਰਸ਼ਾਸਕ,
   ਪੀ.ਡੀ.ਏ, ਪਟਿਆਲਾ।
5. ਮੁੱਖ ਪ੍ਰਸ਼ਾਸਕ,
   ਏ.ਡੀ.ਏ, ਅੰਮ੍ਰਿਤਸਰ।
6. ਮੁੱਖ ਪ੍ਰਸ਼ਾਸਕ,
   ਬੀ.ਡੀ.ਏ., ਬਠਿੰਡਾ।

ਨੰ: ਪੁੱਡਾ-ਪਾਲਿਸੀ-ਸ-2-2012/ 21181-87

ਮਿਤੀ:- 20-9-12

ਵਿਸ਼ਾ:- ਅਥਾਰਿਟੀ ਵੱਲੋਂ ਅਲਾਟਮੈਂਟ/ਬੋਲੀ ਰਾਹੀਂ ਵੇਚੇ ਗਏ ਰਿਹਾਇਸ਼ੀ/ਵਪਾਰਿਕ/ਸੰਸਥਾਤਮਕ ਪਲਾਟਾਂ ਸਬੰਧੀ 15 % ਜਾਂ ਹੋਰ ਕੋਈ ਮੁੱਢਲੀ ਰਾਸ਼ੀ ਜਮ੍ਹਾਂ ਕਰਵਾਉਣ ਲਈ ਦਿੱਤੇ ਸਮੇਂ ਵਿੱਚ ਦੇਰੀ ਨੂੰ ਮੁਆਫ ਕਰਨ ਦੀ ਨੀਤੀ ਵਿੱਚ ਸੋਧ ਬਾਰੇ ।

ਉਪਰੋਕਤ ਵਿਸ਼ੇ ਤੇ ਗਮਾਡਾ ਪਾਲਿਸੀ ਸ਼ਾਖਾ ਦੇ ਪੱਤਰ ਨੰ: ਗਮਾਡਾ(ਪਾਲਿਸੀ)/2012/4880-85 ਮਿਤੀ 22-06-2012 ਦੀ ਲਗਾਤਾਰਤਾ ਵਿੱਚ।

ਹਵਾਲੇ ਅਧੀਨ ਪੱਤਰ ਰਾਹੀਂ ਪੁੱਡਾ ਦੀ ਪਾਲਿਸੀ ਸ਼ਾਖਾ ਵਲੋ ਅਲਾਟਮੈਂਟ /ਬੋਲੀ ਰਾਹੀਂ ਵੇਚੇ ਗਏ ਰਿਹਾਇਸ਼ੀ/ਵਪਾਰਿਕ/ਸੰਸਥਾਤਮਕ ਪਲਾਟਾਂ ਦੇ ਅਲਾਟਮੈਂਟ ਪੱਤਰ/ ਲੈਟਰ ਆਫ ਇੰਟੈਂਟ ਵਿੱਚ ਦਿੱਤੇ ਗਏ ਸਮੇਂ ਵਿਚ 15% ਜਾਂ ਹੋਰ ਕੋਈ ਮੁੱਢਲੀ ਰਕਮ ਨਿਸਚਿਤ ਸਮੇਂ ਅਨੁਸਾਰ ਜਮਾਂ ਨਾ ਕਰਵਾਉਣ ਦੀ ਸੂਰਤ ਵਿਚ ਹੋਈ ਦੇਰੀ ਨੂੰ ਮੁਆਫ ਕਰਨ ਦੀ ਪਾਲਿਸੀ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਗਈ ਹੈ :-

ੳ) ਬੋਲੀ ਜਾਂ ਕਿਸੇ ਹੋਰ ਤਰੀਕੇ ਰਾਹੀਂ ਵੇਚੇ /ਅਲਾਟ ਕੀਤੇ ਗਏ ਰਿਹਾਇਸ਼ੀ/ਵਪਾਰਿਕ ਪਲਾਟਾਂ ਦੇ ਕੇਸਾਂ ਵਿੱਚ ਦੇਰੀ ਮੁਆਫ ਕਰਨ ਬਾਰੇ ।

| ਲੜੀ ਨੰ; | ਮੁਆਫੀ ਦਾ ਸਮਾਂ | ਦੇਰੀ ਮੁਆਫ ਕਰਨ ਵਾਲਾ ਅਧਿਕਾਰੀ | 15% ਰਾਸ਼ੀ ਜਾਂ ਕਿਸੇ ਹੋਰ ਰਕਮ ਤੇ ਲੱਗਣ ਵਾਲੇ ਸਰਚਾਰਜ ਦਾ ਰੇਟ |
|---|---|---|---|
| 1. | ਅਲਾਟਮੈਂਟ ਪੱਤਰ/ਮਨੋਰਥ ਪੱਤਰ ਵਿੱਚ ਨਿਸਚਿਤ ਸਮਾਂ ਖਤਮ ਹੋਣ ਤੋਂ ਬਾਅਦ ਹੋਰ 30 ਦਿਨ ਤੱਕ | ਮਿਲਖ ਅਫਸਰ | ਜਮ੍ਹਾਂ ਹੋਣ ਵਾਲੀ ਰਕਮ ਦਾ 1.5% |
| 2. | ਅਲਾਟਮੈਂਟ ਪੱਤਰ/ਮਨੋਰਥ ਪੱਤਰ ਵਿੱਚ ਨਿਸਚਿਤ ਸਮਾਂ ਖਤਮ ਹੋਣ ਤੋ ਬਾਅਦ ਹੋਰ 60 ਦਿਨ ਤੱਕ | ਵਧੀਕ ਮੁੱਖ ਪ੍ਰਸ਼ਾਸ਼ਕ | ਜਮ੍ਹਾਂ ਹੋਣ ਵਾਲੀ ਰਕਮ ਦਾ 2% |

78

| | | | |
|---|---|---|---|
| | ਅਲਾਟਮੈਂਟ ਪੱਤਰ/ਮਨੋਰਥ ਪੱਤਰ ਵਿੱਚ ਨਿਸਚਿਤ ਸਮਾਂ ਖਤਮ ਹੋਣ ਤੋ ਬਾਅਦ ਹੋਰ 90 ਦਿਨ ਤੱਕ | ਮੁੱਖ ਪ੍ਰਸ਼ਾਸ਼ਕ | ਜਮ੍ਹਾਂ ਹੋਣ ਵਾਲੀ ਰਕਮ ਦਾ 2.5% |
| 4. | ਅਲਾਟਮੈਂਟ ਪੱਤਰ/ਮਨੋਰਥ ਪੱਤਰ ਵਿੱਚ ਨਿਸਚਿਤ ਸਮਾਂ ਖਤਮ ਹੋਣ ਤੋ ਬਾਅਦ ਹੋਰ 6 ਮਹੀਨੇ ਤੱਕ | ਉਪ ਸਭਾਪਤੀ | ਜਮ੍ਹਾਂ ਹੋਣ ਵਾਲੀ ਰਕਮ ਦਾ 3% |

ਨੋਟ:-

1) ਅਲਾਟੀ ਨੂੰ ਜਮ੍ਹਾਂ ਕਰਵਾਈ ਜਾਣ ਵਾਲੀ ਰਾਸ਼ੀ ਉੱਤੇ ਸਰਚਾਰਜ ਤੋਂ ਇਲਾਵਾ ਦੇਰੀ ਦੇ ਸਮੇਂ ਲਈ 18% ਸਲਾਨਾ ਦੇ ਹਿਸਾਬ ਨਾਲ ਦੰਡ ਵਿਆਜ ਵੀ ਜਮ੍ਹਾਂ ਕਰਵਾਉਣਾ ਪਵੇਗਾ । ਸਮੇਂ ਵਿੱਚ ਵਾਧਾ ਤਾਂ ਹੀ ਕੀਤਾ ਜਾਵੇਗਾ, ਜੇਕਰ 25 % ਰਕਮ ਮੁਕੰਮਲ ਕਰਨ ਲਈ ਜਮ੍ਹਾਂ ਕਰਵਾਈ ਜਾਣ ਵਾਲੀ 15% ਜਾਂ ਕਿਸੇ ਹੋਰ ਰਕਮ ਲਈ ਅਲਾਟਮੈਂਟ ਪੱਤਰ /ਮਨੋਰਥ ਪੱਤਰ ਵਿੱਚ ਨਿਰਧਾਰਤ ਸਮੇਂ ਦੇ ਅੰਦਰ-2 ਲਿਖਤੀ ਦਰਖਾਸਤ ਪ੍ਰਾਪਤ ਹੁੰਦੀ ਹੈ । ਉਪਰੋਕਤ ਅਨੁਸਾਰ ਦੱਸੇ ਅਧਿਕਾਰੀ ਵੱਲੋਂ ਕਾਰਨ ਦਰਜ ਕਰਦੇ ਹੋਏ ਸਮੇਂ ਵਿੱਚ ਵਾਧੇ ਦੀ ਮਨਜ਼ੂਰੀ ਦਿੱਤੀ ਜਾਵੇਗੀ । ਸਮੇਂ ਵਿਚ ਵਾਧੇ ਸਬੰਧੀ ਅਲਾਟੀ ਦਾ ਕੋਈ ਹੱਕ ਨਹੀਂ ਹੋਵੇਗਾ ।

2) ਜੇਕਰ ਅਲਾਟਮੈਂਟ ਪੱਤਰ /ਮਨੋਰਥ ਪੱਤਰ ਵਿੱਚ ਨਿਸਚਿਤ ਸਮੇਂ ਜਾਂ ਵਧਾਏ ਹੋਏ ਸਮੇਂ ਅੰਦਰ 25% ਜਾਂ 30% ਰਕਮ ਦੀ ਅਦਾਇਗੀ ਮੁਕੰਮਲ ਨਹੀਂ ਕੀਤੀ ਜਾਂਦੀ , ਤਾਂ ਮਿਲਖ ਅਫਸਰ ਵੱਲੋਂ ਪੰਜਾਬ ਰੀਜਨਲ ਐਂਡ ਡਿਵੈਲਪਮੈਂਟ ਐਕਟ, 1995 ਦੀ ਧਾਰਾ 45 ਤਹਿਤ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਅ) ਸੰਸਥਾਤਮਕ ਪਲਾਟਾਂ ਦੇ ਕੇਸਾਂ ਵਿੱਚ ਦੇਰੀ ਮੁਆਫ ਕਰਨ ਬਾਰੇ ।

| ਲੜੀ ਨੰ; | ਮੁਆਫੀ ਦਾ ਸਮਾਂ | ਦੇਰੀ ਮੁਆਫ ਕਰਨ ਵਾਲਾ ਅਧਿਕਾਰੀ | 15% ਰਾਸ਼ੀ ਜਾਂ ਕਿਸੇ ਹੋਰ ਰਕਮ ਤੇ ਲੱਗਣ ਵਾਲੇ ਸਰਚਾਰਜ ਦਾ ਰੇਟ |
|---|---|---|---|
| 1. | ਇੱਕ ਮਹੀਨੇ ਤੱਕ | ਮੁੱਖ ਪ੍ਰਸ਼ਾਸ਼ਕ | ਜਮ੍ਹਾਂ ਹੋਣ ਵਾਲੀ ਰਕਮ ਦਾ 1.5% ਅਤੇ ਦੇਰੀ ਦੇ ਸਮੇਂ ਲਈ 18% ਸਲਾਨਾ ਦੇ ਹਿਸਾਬ ਨਾਲ ਵਿਆਜ |
| 2. | ਤਿੰਨ ਮਹੀਨੇ ਤੱਕ (ਸਿਰਫ ਮੁਸੀਬਤ ਦੇ ਕੇਸਾਂ ਵਿੱਚ | ਉਪ ਸਭਾਪਤੀ | ਉਕਤ ਅਨੁਸਾਰ |

ਉਪਰੋਕਤ ਸੋਧ ਮਾਨਯੋਗ ਸਭਾਪਤੀ -ਕਮ-ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਜਾਂਦੀ ਹੈ ।

ਪ੍ਰਬੰਧਕ ਅਫਸਰ (ਪਾਲਿਸੀ),
ਵਾ: ਮੁੱਖ ਪ੍ਰਸਾਸਕ, ਪੁੱਡਾ।

ਪਿੰਠ ਅੰਕਣ ਨੰ: ਪੁੱਡਾ-ਪਾਲਿਸੀ-ਸ-2-2012/ ਮਿਤੀ:-

ਉਪਰੋਕਤ ਦਾ ਉਤਾਰਾ ਨਿਗਰਾਨ ਇੰਜੀਨੀਅਰ(ਪ੍ਰੋਜੈਕਟ), ਪੁੱਡਾ, ਮੋਹਾਲੀ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਪ੍ਰਬੰਧਕ ਅਫਸਰ (ਪਾਲਿਸੀ),
ਵਾ: ਮੁੱਖ ਪ੍ਰਸਾਸਕ, ਪੁੱਡਾ।